ਪੰਜਾਬ ਲਲਿਤ ਕਲਾ ਅਕਾਦਮੀ
Punjab Lalit Kala Akademi

Punjab Kala Bhawan, Rose Garden, Sector 16B
Chandigarh 160015, India
Tel: +91 1722771472
Email: plkapunjab@gmail.com
W: www.lalitkalaakademipunjab.com

## ਅੰਤਿਮ ਮਿਤੀ ੧ ਨਵੰਬਰ ੨੦੧੮ ਤੱਕ ਵਧਾਈ ਗਈ

# ਕੌਮੀ ਯਾਤਰਾ ਗ੍ਰਾਂਟ 2018–19 ਲਈ ਅਰਜ਼ੀਆਂ ਦੀ ਮੰਗ

ਕੋਚੀ ਮੁਜ਼ਿਰਿਸ ਬਿਏਨਾਲੇ ਅਤੇ ਇੰਡੀਆ ਆਰਟ ਫ਼ੇਅਰ ਦੀ ਯਾਤਰਾ ਲਈ

**ਅਰਜ਼ੀਆਂ ਦੇਣ ਦੀ ਅੰਤਿਮ ਮਿਤੀ: ਸ਼ੁੱਕਰਵਾਰ 1 ਨਵੰਬਰ 2018 । ਕੁੱਲ ਗ੍ਰਾਟਾਂ ਦੀ ਗਿਣਤੀ: 15**

ਬਿਨੈਕਾਰ **ਦੀ** ਉਮਰ 31.08.2018 ਨੂੰ 18 ਸਾਲ ਤੋਂ 30 ਸਾਲ ਦੇ ਵਿਚਕਾਰ ਹੋਵੇ।

**ਗ੍ਰਾਂਟ ਬਾਰੇ:**

ਵਿਦਿਆਰਥੀਆਂ ਵਿਚ ਸਮਕਾਲੀ ਕਲਾ ਬਾਰੇ ਸੋਝੀ ਵਿਕਸਿਤ ਕਰਨ ਲਈ ਪੰਜਾਬ ਲਲਿਤ ਕਲਾ ਅਕਾਦਮੀ, **ਦ੍ਰਿਸ਼ਟੀਗਤ** ਕਲਾ (ਵਿਜ਼ੂਅਲ ਆਰਟ) ਅਤੇ **ਦ੍ਰਿਸ਼ਟੀਗਤ** ਕਲਾ ਦੇ ਇਤਿਹਾਸ (ਵਿਜ਼ੁਅਲ ਆਰਟ ਹਿਸਟਰੀ) ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਨੂੰ ਯਾਤਰਾ ਗ੍ਰਾਂਟ ਦੇਵੇਗੀ। ਇਹ ਗ੍ਰਾਂਟ ਕਿਸੇ ਵੀ ਕਾਲਜ, ਕਲਾ ਸੰਸਥਾਨ ਅਤੇ ਪੰਜਾਬ ਦੀ ਕਿਸੇ ਵੀ ਯੂਨੀਵਰਸਿਟੀ ਵਿਚ ਬੀਐਫ਼ਏ/ਐਮਐਫ਼ਏ, ਫ਼ਾਈਨ ਆਰਟਸ ਨਾਲ ਬੀਏ, ਐਏ ਜਾਂ ਐਮ. ਫ਼ਿਲ ਕਰ ਰਹੇ (ਰੈਗੂਲਰ) ਵਿਦਿਆਰਥੀਆਂ ਨੂੰ ਦਿੱਤੀ ਜਾਵੇਗੀ, ਜਿਸ ਨਾਲ ਉਨ੍ਹਾਂ ਨੂੰ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ **ਜਿਵੇਂਕਿ** ਕੋਚੀ **ਮੁਜ਼ਿਰਿਸ ਬਿਏਨਾਲੇ**, ਕੇਰਲਾ ਅਤੇ ਇੰਡੀਆ ਆਰਟ ਫ਼ੇਅਰ, ਨਵੀਂ ਦਿੱਲੀ ਵਰਗੇ ਕਲਾ ਦੀ ਸਿਰਜਣਾਤਮਕ ਊਰਜਾ ਨਾਲ ਭਰਪੂਰ ਸ਼ਾਨਦਾਰ ਕਲਾ ਆਯੋਜਨਾਂ ਦੀ ਯਾਤਰਾ ਕਰਨ ਅਤੇ ਉੱਥੋਂ ਦੇ ਕਲਾਤਮਕ ਮਾਹੌਲ ਵਿਚ ਵਿਚਰਨ ਦਾ ਮੌਕਾ ਮਿਲੇਗਾ।

**ਇਸ ਗ੍ਰਾਂਟ ਵਿਚ ਸ਼ਾਮਲ ਹੋਵੇਗਾ:**

ਵਿਦਿਆਰਥੀ ਦੇ ਨਿਵਾਸ ਸਥਾਨ ਤੋਂ ਕੋਚੀ **ਮੁਜ਼ਿਰਿਸ** ਬਿਏਨਾਲੇ, ਕੇਰਲਾ ਜਾਂ ਇੰਡੀਆ ਆਰਟ ਫ਼ੇਅਰ, ਨਵੀਂ ਦਿੱਲੀ ਤੱਕ ਆਉਣ ਜਾਣ ਦਾ ਕਿਰਾਇਆ

ਉਪਲਬੱਧਤਾ ਅਨੁਸਾਰ ਰਹਿਣ ਲਈ ਦੋ ਵਿਅਕਤੀ **ਵਾਲੇ ਸਾਂਝੇ** ਕਮਰੇ ਜਾਂ ਡੌਰਮਿਟਰੀ ਵਿਚ ਰਿਹਾਇਸ਼।

ਰੋਜ਼ਾਨਾ ਖਾਣ-ਪੀਣ ਲਈ ਭੱਤਾ

ਚੁਣੇ ਗਏ ਕਲਾ ਆਯੋਜਨ ਦੀ ਯਾਤਰਾ 'ਤੇ ਜਾਣ ਤੋਂ ਕੁਝ ਦਿਨ ਪਹਿਲਾਂ ਪੰਜਾਬ ਲਲਿਤ ਕਲਾ ਅਕਾਦਮੀ ਅੰਦਰ ਚੁਣੇ ਹੋਏ ਬਿਨੈਕਾਰਾਂ ਦੀ ਜਾਣ-ਪਛਾਣ ਮਿਲਣੀ (ਓਰਿਐਂਟੇਸ਼ਨ)

ਕੋਚੀ ਮੁ**ਜ਼ਿ**ਰਿਸ ਬਿ**ਏ**ਨਾ**ਲੇ**, ਕੋਚੀ, ਕੇਰਲਾ ਆਯੋਜਨ ਵਿਚ ਸ਼ਾਮਲ ਹੋਣ ਲਈ ਯਾਤਰਾ, ਰਹਿਣ, ਖਾਣ-ਪੀਣ ਅਤੇ ਸਥਾਨਕ ਖ਼ਰਚਿਆਂ ਲਈ ਅਕਾਦਮੀ ਵੱਧ ਤੋਂ ਵੱਧ 12000/- ਰੁਪਏ ਦੇਵੇਗੀ।

ਇੰਡੀਆ ਆਰਟ ਫ਼ੇਅਰ, ਨਵੀਂ ਦਿੱਲੀ ਆਯੋਜਨ ਵਿਚ ਸ਼ਾਮਲ ਹੋਣ ਲਈ ਯਾਤਰਾ, ਰਹਿਣ, ਖਾਣ-ਪੀਣ ਅਤੇ ਸਥਾਨਕ ਖ਼ਰਚਿਆਂ ਲਈ ਅਕਾਦਮੀ ਵੱਧ ਤੋਂ ਵੱਧ 4000/- ਰੁਪਏ ਦੇਵੇਗੀ।

**ਯੋਗਤਾ ਸ਼ਰਤਾਂ:**

ਜੇਕਰ ਅੱਗੇ ਦਿੱਤੀਆਂ ਸਾਰੀਆਂ ਸ਼ਰਤਾਂ ਪੂਰੀਆਂ ਹੋਣ ਤਾਂ ਬਿਨੈਕਾਰ ਅਰਜ਼ੀ ਭੇਜ ਸਕਦੇ ਹਨ: ਬਿਨੈਕਾਰ ਪੰਜਾਬ ਦਾ ਨਿਵਾਸੀ ਹੋਵੇ। ਬਿਨੈਕਾਰ ਪੰਜਾਬ **ਦੇ** ਕਿਸੇ ਵੀ ਕਾਲਜ, ਕਲਾ ਸੰਸਥਾਨ ਅਤੇ ਪੰਜਾਬ ਦੀ ਕਿਸੇ ਵੀ ਯੂਨੀਵਰਸਿਟੀ ਵਿਚ ਬੀਐਫ਼ਏ/ਐਮਐਫ਼ਏ, ਫ਼ਾਈਨ ਆਰਟਸ ਨਾਲ ਬੀਏ, ਐਏ ਜਾਂ ਐਮ. ਫ਼ਿਲ ਦਾ (ਰੈਗੂਲਰ) ਵਿਦਿਆਰਥੀ ਹੋਵੇ।ਬਿਨੈਕਾਰ **ਦੀ** ਉਮਰ 31.08.2018 ਨੂੰ 18 ਸਾਲ ਤੋਂ 30 ਸਾਲ ਦੇ ਵਿਚਕਾਰ ਹੋਵੇ।

**ਅਰਜ਼ੀ ਕਿਵੇਂ ਭੇਜੀਏ:**

ਇੱਥੇ ਦਿੱਤਾ ਗਿਆ ਬਿਨੈ-ਪੱਤਰ ਭਰ ਕੇ ਭੇਜੋ:

-ਤਾਜ਼ਾ ਜੀਵਨ-ਬਿਉਰਾ: ਕਿਰਪਾ ਕਰਕੇ ਉਸ ਵਿਚ ਵਿੱਦਿਅਕ ਯੋਗਤਾ, ਪ੍ਰਾਪਤ ਸਨਮਾਨ, ਰਿਹਾਇਸ਼ੀ ਕਲਾ ਵਰਕਸ਼ਾਪ (ਰੈਜ਼ੀਡੈਂਸੀ), ਵਜੀਫ਼ਿਆਂ ਅਤੇ ਪ੍ਰਦਰਸ਼ਨੀਆਂ: ਏਕਲ ਪ੍ਰਦਰਸ਼ਨੀਆਂ, ਸਾਂਝੀਆਂ ਪ੍ਰਦਰਸ਼ਨੀਆਂ, ਪ੍ਰਦਰਸ਼ਨੀਆਂ ਵਿਚ **ਸ਼ਮੂਲੀਅਤ** ਦੀ ਜਾਣਕਾਰੀ ਤਰਤੀਬਵਾਰ ਅਤੇ ਸਮੇਂ ਦੀ ਕ੍ਰਮ ਅਨੁਸਾਰ ਦਰਜ ਕਰੋ।

-ਪ੍ਰੇਰਨਾ ਪੱਤਰ: (150-300 ਸ਼ਬਦਾਂ ਵਿਚ ਟਾਈਪ ਕੀਤਾ ਹੋਇਆ ਪੱਤਰ ਲਿਖੋ ਕਿ ਤੁਸੀਂ ਇਸ ਗ੍ਰਾਂਟ ਦੇ ਕਿਉਂ ਹੱਕਦਾਰ ਹੋ)

**ਦ੍ਰਿਸ਼ਟੀਗਤ** ਕਲਾ ਦੇ ਵਿਦਿਆਰਥੀ: ਆਪਣੇ ਵੱਲੋਂ ਸਿਰਜਿਆਂ ਗਈਆਂ ਕਲਾ-ਕ੍ਰਿਤਾਂ ਦੀਆਂ ਤਸਵੀਰਾਂ ਨਾਲ ਨੱਥੀ ਕਰਨ (ਇਸ ਵਿਚ 10 ਤੱਕ ਤਸਵੀਰਾਂ ਸ਼ਾਮਲ ਹੋ ਸਕਦੀਆਂ ਹਨ, ਜੋ ਕਿ 5 ਇੰਚ ਗੁਣਾ 7 ਇੰਚ ਆਕਾਰ **ਦੇ ਪ੍ਰਿੰਟ** ਹੋਣ ਜਾਂ 300 ਡੀਪੀਆਈ ਵਿਚ ਸੀਡੀ/ਡੀਵੀਡੀ/ਪੈਨ-ਡਰਾਈਵ ਵਿਚ ਪਾ ਕੇ ਭੇਜੀਆਂ ਜਾਣ)

**ਦ੍ਰਿਸ਼ਟੀਗਤ** ਕਲਾ ਦੇ ਇਤਿਹਾਸ ਦੇ ਵਿਦਿਆਰਥੀ: ਪ੍ਰਕਾਸ਼ਿਤ ਜਾਂ ਅਪ੍ਰਕਾਸ਼ਿਤ ਤਿੰਨ ਮੌਲਿਕ ਲੇਖ ਨੱਥੀ ਕਰਨ (300 ਤੋਂ 500 ਸ਼ਬਦਾਂ ਦੇ ਮੌਲਿਕ ਲੇਖ ਟਾਈਪ ਕਰਕੇ ਭੇਜੋ)

ਪੰਜਾਬ ਲਲਿਤ ਕਲਾ ਅਕਾਦਮੀ
Punjab Lalit Kala Akademi

Punjab Kala Bhawan, Rose Garden, Sector 16B
Chandigarh 160015, India
Tel: +91 1722771472
Email: plkapunjab@gmail.com

# ਕੌਮੀ ਯਾਤਰਾ ਗ੍ਰਾਂਟ 2018–19 ਲਈ ਬਿਨੈ-ਪੱਤਰ

1. ਬਿਨੈਕਾਰ ਦਾ ਨਾਮ:____________________
2. ਮਾਤਾ/ਪਿਤਾ/ਪਤੀ/ਪਤਨੀ ਦਾ ਨਾਮ:____________________
3. (ੳ) ਜਨਮ ਮਿਤੀ: ____________________

   (ਅ) ਉਮਰ 31.08.2018 ਤੱਕ: ____________________
4. ਡਾਕ ਪਤਾ: ____________________
5. ਫ਼ੋਨ ਜਾਂ ਮੋਬਾਈਲ ਨੰਬਰ:____________________
6. ਈ-ਮੇਲ ਪਤਾ:____________________
7. ਪ੍ਰਾਪਤ ਹੋਏ ਸਨਮਾਨਾਂ, ਇਨਾਮਾਂ, ਮਾਨਤਾਵਾਂ, ਵਿਸ਼ੇਸ਼ ਪ੍ਰਾਪਤੀਆਂ, ਵਜੀਫ਼ਿਆਂ ਦਾ ਵੇਰਵਾ (ਲੋੜ ਹੋਵੇ ਤਾਂ ਵੱਖਰੀ ਸ਼ੀਟ ਨਾਲ ਨੱਥੀ ਕਰੋ):____________________

   ____________________

   ____________________
8. ਪ੍ਰਦਰਸ਼ਨੀਆਂ ਜਿਨ੍ਹਾਂ ਵਿਚ ਬਿਨੈਕਾਰ ਦੀ ਕਲਾ ਪ੍ਰਦਰਸ਼ਿਤ ਕੀਤੀ ਗਈ ਹੋਵੇ (ਲੋੜ ਹੋਵੇ ਤਾਂ ਵੱਖਰੀ ਸ਼ੀਟ ਨਾਲ ਨੱਥੀ ਕਰੋ)

   ____________________

   ____________________

   ____________________
9. ਇਸ ਤੋਂ ਪਹਿਲਾਂ ਪ੍ਰਾਪਤ ਕੀਤੇ ਵਜੀਫ਼ਿਆਂ, ਫ਼ੈਲੋਸ਼ਿਪ ਦੀ ਮਿਆਦ/ਰਕਮ ਦਾ ਵੇਰਵਾ ਦਿਉ:

   ____________________

   ____________________

   ____________________

10. **ਅਕਾਦਮਿਕ** ਯੋਗਤਾ (ਸਹੀ ਦਾ ਨਿਸ਼ਾਨ ਲਾਉ)

| ਬੀਐਫ਼ਏ | ਬੀਏ ਫ਼ਾਈਨ ਆਰਟਸ | ਐਮਐਫ਼ਏ | ਐਮਏ ਫ਼ਾਈਨ ਆਰਟਸ | ਐਮਫ਼ਿਲ |
|---|---|---|---|---|
| ਪਹਿਲਾ ਸਾਲ | ਪਹਿਲਾ ਸਾਲ | ਪਹਿਲਾ ਸਾਲ | ਪਹਿਲਾ ਸਾਲ | ਪਹਿਲਾ ਸਾਲ |
| ਦੂਸਰਾ ਸਾਲ | ਦੂਸਰਾ ਸਾਲ | ਦੂਸਰਾ ਸਾਲ | ਦੂਸਰਾ ਸਾਲ | ਦੂਸਰਾ ਸਾਲ |
| ਤੀਸਰਾ ਸਾਲ | ਤੀਸਰਾ ਸਾਲ | | | |
| ਚੌਥਾ ਸਾਲ | | | | |

11. ਪ੍ਰੇਰਨਾ ਮੰਤਵ ਲਿਖੋ ਕਿ ਤੁਸੀਂ ਇਸ ਗ੍ਰਾਂਟ ਲਈ ਕਿਉਂ ਅਰਜ਼ੀ ਦੇ ਰਹੇ ਹੋ (ਆਪਣੀ ਪਸੰਦ ਦੀ ਭਾਸ਼ਾ ਪੰਜਾਬੀ, ਹਿੰਦੀ ਜਾਂ ਅਗਰੇਜ਼ੀ ਵਿਚ 150-300 ਸ਼ਬਦਾਂ ਵਿਚ ਟਾਈਪ ਕੀਤਾ ਹੋਇਆ ਪੱਤਰ ਨਾਲ ਨੱਥੀ ਕਰੋ)

12. ਬਿਨੈਕਾਰ ਦਾ ਜੀਵਨ ਬਿਉਰਾ (ਬਾਇਉ-ਡਾਟਾ) ਨਾਲ ਨੱਥੀ ਕਰੋ (ਟਾਈਪ ਕਰਕੇ ਨੱਥੀ ਕਰੋ)
13. ਆਯੋਜਨ ਦੀ ਚੋਣ ਕਰੋ
    (ੳ) ਕੋਚੀ ਮੁਜ਼ਿਰਿਸ ਬਿਏਨਾਲੇ, ਕੋਚੀ, ਕੇਰਲਾ, ਭਾਰਤ (12 ਦਸੰਬਰ 2018 ਤੋਂ 31 ਮਾਰਚ 2019 ਦੇ ਵਿਚਾਲੇ ਯਾਤਰਾ ਸਮੇਤ 10 ਦਿਨ ਲਈ)
    (ਅ) ਇੰਡੀਆ ਆਰਟ ਫ਼ੇਅਰ, ਨਵੀਂ ਦਿੱਲੀ, ਭਾਰਤ (ਫਰਵਰੀ 2019) ਯਾਤਰਾ ਸਮੇਤ 4 ਦਿਨ
    (ੲ) ਦੋਵਾਂ ਵਿਚੋਂ ਕੋਈ ਵੀ

14. ਪੰਜਾਬ ਦੇ ਵਾਸੀ ਹੋਣ ਦਾ ਕੋਈ ਵੀ ਪ੍ਰਮਾਣ-ਪੱਤਰ ਜਮ੍ਹਾਂ ਕਰੋ। (ਆਧਾਰ ਕਾਰਡ, ਮੈਟ੍ਰਿਕ ਦਾ ਪ੍ਰਮਾਣ-ਪੱਤਰ, ਪਾਸਪੋਰਟ, ਵੋਟਰ ਪਛਾਣ ਪੱਤਰ, ਪੰਜਾਬ ਦੀ ਕਿਸੇ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਕਾਲਜ/ਵਿੱਦਿਅਕ ਅਦਾਰੇ ਦਾ ਵਿਦਿਆਰਥੀ ਪਛਾਣ ਪੱਤਰ)
15. ਨਾਲ ਨੱਥੀ ਕੀਤਾ ਗਿਆ ਫ਼ਾਰਮ ਪੂਰੀ ਤਰ੍ਹਾਂ ਭਰ ਕੇ ਬਿਨੈਕਾਰ ਦੇ ਮਾਤਾ-ਪਿਤਾ ਅਤੇ ਜਿੱਥੇ ਬਿਨੈਕਾਰ ਪੜ੍ਹ ਰਿਹਾ ਹੈ ਉਸ ਕਾਲਜ/ਵਿੱਦਿਅਕ ਅਦਾਰੇ ਦੇ ਪ੍ਰਿੰਸੀਪਲ ਜਾਂ ਯੂਨੀਵਰਸਿਟੀ ਦੇ ਵਿਭਾਗ ਦੇ ਮੁਖੀ ਤੋਂ ਹਸਤਾਖਰ ਕਰਵਾ ਕੇ ਜਮ੍ਹਾਂ ਕਰਵਾਉ।

**ਬਿਨੈਕਾਰ ਵਿਦਿਆਰਥੀ / ਕਲਾਕਾਰ ਦਾ ਹਲਫ਼ੀਆ ਬਿਆਨ**

ਮੈਂ________________________________________ਪੰਜਾਬ ਲਲਿਤ ਕਲਾ ਅਕਾਦਮੀ ਵੱਲੋਂ ਪ੍ਰਦਾਨ ਕੀਤੀ ਜਾ ਰਹੀ ਕੌਮੀ ਯਾਤਰਾ ਗ੍ਰਾਂਟ 2018 ਪ੍ਰਾਪਤ ਕਰਨ ਦਾ ਚਾਹਵਾਨ ਹਾਂ ਅਤੇ ਮੈਂ ਇਸ ਲਈ ਲੋੜੀਂਦੀ ਦਸਤਾਵੇਜ਼ ਆਪ ਜੀ ਦੇ ਧਿਆਨ ਹਿੱਤ ਜਮ੍ਹਾਂ ਕਰਵਾ ਰਿਹਾ ਹਾਂ। ਮੈਂ ਅਰਜ਼ੀ-ਪੱਤਰ ਨਾਲ ਦਿੱਤੇ ਗਏ ਸੂਚਨਾ-ਪੱਤਰ ਵਿਚ ਦਿੱਤੇ ਨਿਯਮ ਅਤੇ ਸ਼ਰਤਾਂ ਚੰਗੀ ਤਰ੍ਹਾਂ ਪੜ੍ਹ ਲਏ ਹਨ। ਮੈਂ ਬਿਆਨ ਕਰਦਾ ਹਾਂ ਕਿ ਮੇਰੇ ਵੱਲੋਂ ਦਿੱਤੀ ਗਈ ਜਾਣਕਾਰੀ ਸਹੀ ਹੈ ਅਤੇ ਨਾਲ ਨੱਥੀ ਕੀਤੀਆਂ ਗਈਆਂ ਕਲਾਕ੍ਰਿਤਾਂ/ਲੇਖ ਮੇਰੀਆਂ ਮੌਲਿਕ ਸਿਰਜਨਾਵਾਂ ਹਨ। ਮੈਂ ਇਹ ਵੀ ਬਿਆਨ ਕਰਦਾ ਹਾਂ ਕਿ ਮੈਂ ਪੰਜਾਬ ਦਾ ਨਿਵਾਸੀ ਹਾਂ ਅਤੇ ਇਸ ਵੇਲੇ ਪੰਜਾਬ ਵਿਚ ਰੈਗੂਲਰ ਵਿਦਿਆਰਥੀ ਵਜੋਂ________________________________________________ ਵਿਚ ਪੜ੍ਹ ਰਿਹਾ ਹਾਂ। ਮੇਰੀ ਉਮਰ 31.08.2018 ਨੂੰ 18 ਸਾਲ ਤੋਂ 30 ਸਾਲ ਦੇ ਵਿਚਕਾਰ ਹੈ।

ਇੱਥੇ ਦਿੱਤੀ ਜਾ ਰਹੀ ਸਾਰੀ ਜਾਣਕਾਰੀ ਦਰੁੱਸਤ ਹੈ।

ਸਥਾਨ:________________________________

ਮਿਤੀ:_________________________________

ਵਿਦਿਆਰਥੀ ਦੇ ਹਸਤਾਖ਼ਰ:___________________

ਵਿਦਿਆਰਥੀ ਦਾ ਨਾਮ:______________________

ਵਿਦਿਆਰਥੀ ਦਾ ਪਤਾ:______________________
_______________________________________

ਮੋਬਾਈਲ ਨੰਬਰ:____________________________

**ਇਸ ਫ਼ਾਰਮ ਉੱਤੇ ਮਾਤਾ-ਪਿਤਾ ਜਾਂ ਸਰਪ੍ਰਸਤ ਦੇ ਦਸਤਖ਼ਤ ਕੀਤੇ ਜਾਣ**

ਮੈਂ________________________________ਮਾਤਾ/ਪਿਤਾ/ਸਰਪ੍ਰਸਤ________________________________
ਆਪਣੇ ਬੇਟੀ/ਬੇਟੇ/ਬਿਨੈਕਾਰ ਦੇ ਯਾਤਰਾ ਅਤੇ ਯਾਤਰਾ ਗ੍ਰਾਂਟ ਦੀ ਰਿਹਾਇਸ਼ ਦੌਰਾਨ ਰਵੱਈਏ ਅਤੇ ਵਿਹਾਰ ਦੀ ਜ਼ਿੰਮੇਵਾਰੀ ਲੈਂਦੀ/ਲੈਂਦਾ ਹਾਂ। ਮੈਂ ਆਪਣੀ ਬੇਟੀ/ਬੇਟੇ/ਬਿਨੈਕਾਰ ਦੀ ਸਿਹਤ ਅਤੇ ਯਾਤਰਾ ਬੀਮਾ (ਵਿਕਲਪਿਕ) ਦੀ ਵੀ ਜ਼ਿੰਮੇਵਾਰੀ ਲੈਂਦੀ/ਲੈਂਦਾ ਹਾਂ। ਮੈਂ ਸਮਝਦੀ/ਸਮਝਦਾ ਹਾਂ ਕਿ ਯਾਤਰਾ ਦੌਰਾਨ ਕਿਸੇ ਵੀ ਘਟਨਾ, ਦੁਰਘਟਨਾ ਜਾਂ ਮੇਰੇ ਲੜਕੀ/ਲੜਕੇ/ਬਿਨੈਕਾਰ ਵੱਲੋਂ ਦੁਰਵਿਹਾਰ ਜਾਂ ਉਸ ਨਾਲ ਕਿਸੇ ਹੋਰ ਵੱਲੋਂ ਦੁਰਵਿਹਾਰ ਲਈ ਅਕਾਦਮੀ ਜ਼ਿੰਮੇਵਾਰ ਨਹੀਂ ਹੋਵੇਗੀ। ਅਕਾਦਮੀ ਸਿਰਫ਼ ਸੰਬੰਧਿਤ ਯਾਤਰਾ ਹਿੱਤ ਦਿੱਤੇ ਜਾਣ ਵਾਲੇ ਖ਼ਰਚੇ ਦੀ ਸਹਾਇਤਾ ਲਈ ਜ਼ਿੰਮੇਵਾਰ ਹੋਵੇਗੀ। ਜੇ ਕਿਸੇ ਕਾਰਨ ਕਰਕੇ ਮੇਰਾ ਲੜਕੀ/ਲੜਕਾ/ਬਿਨੈਕਾਰ ਚੋਣ ਹੋ ਜਾਣ ਤੋਂ ਬਾਅਦ ਮਿੱਥੇ ਗਏ ਸਥਾਨ ਦੀ ਯਾਤਰਾ ਕਰਨ ਵਿਚ ਅਸਫ਼ਲ ਰਹਿੰਦਾ ਹੈ ਤਾਂ ਅਕਾਦਮੀ ਵੱਲੋਂ ਦਿੱਤੀ ਗਈ ਸਹਾਇਤੀ ਰਾਸ਼ੀ ਵਾਪਸ ਕਰਨ ਲਈ ਮੈ/ਅਸੀਂ ਜ਼ਿੰਮੇਵਾਰ ਹੋਵਾਂਗੇ।

ਮਾਤਾ/ਪਿਤਾ/ਸਰਪ੍ਰਸਤ ਦੇ ਹਸਤਾਖ਼ਰ:________________________________

ਮਾਤਾ/ਪਿਤਾ/ਸਰਪ੍ਰਸਤ ਦਾ ਨਾਮ:________________________________

ਮਾਤਾ/ਪਿਤਾ/ਸਰਪ੍ਰਸਤ ਦਾ ਪਤਾ:________________________________

ਮਾਤਾ/ਪਿਤਾ/ਸਰਪ੍ਰਸਤ ਦਾ ਫ਼ੋਨ ਨੰਬਰ:________________________________

**ਵਿੱਦਿਅਕ ਅਦਾਰੇ ਦੇ ਪ੍ਰਿੰਸੀਪਲ/ਯੂਨੀਵਰਸਿਟੀ ਦੇ ਵਿਭਾਗ ਮੁੱਖੀ ਵੱਲੋਂ ਮੋਹਰ ਲਾ ਕੇ ਹਸਤਾਖ਼ਰ ਕੀਤੇ ਜਾਣ ਵਾਲਾ ਫ਼ਾਰਮ**

ਇਹ ਪ੍ਰਮਾਣਿਤ ਕੀਤਾ ਜਾਂਦਾ ਹੈ ਕਿ____________________ਸਪੁੱਤਰ/ਸਪੁੱਤਰੀ/ਪਤੀ/ਪਤਨੀ__________________ ਦਾ ________________________________ਵਰ੍ਹੇ (ਕਿਰਪਾ ਕਰਕੇ ਆਪਣਾ ਕੋਰਸ ਵਿਚ ਬੀਐਫ਼ਏ/ਐਮਐਫ਼ਏ,ਫ਼ਾਈਨ ਆਰਟਸ ਨਾਲ ਬੀਏ, ਐਏ ਜਾਂ ਐਮ. ਫ਼ਿਲ ਲਿਖੋ) ਦਾ ਸੈਸ਼ਨ 20__-20__ ਲਈ ਵਿਦਿਆਰਥੀ ਹੈ ।
ਉਹ ਸਾਡੇ________________________________ਕਾਲਜ/ਯੂਨੀਵਰਸਿਟੀ/ਬੋਰਡ ਦਾ ਰੈਗੂਲਰ ਵਿਦਿਆਰਥੀ ਹੈ। ਅਸੀਂ ਇਸ ਗੱਲ ਦਾ ਧਿਆਨ ਰੱਖਾਂਗੇ ਕਿ ਵਿਦਿਆਰਥੀ ਨੂੰ ਦਿੱਤੀ ਗਈ ਯਾਤਰਾ ਗ੍ਰਾਂਟ ਦੀ ਵਰਤੋਂ ਪੂਰੀ ਤਰ੍ਹਾਂ ਦਿੱਤੇ ਗਏ ਕਾਰਜ ਲਈ ਹੀ ਹੋਵੇ ਅਤੇ ਵਿਦਿਆਰਥੀ ਮਿੱਥੇ ਹੋਏ ਆਯੋਜਨ ਸਥਾਨ ਦੀ ਯਾਤਰਾ ਕਰੇਗਾ ਅਤੇ ਪੰਜਾਬ ਲਲਿਤ ਕਲਾ ਅਕਾਦਮੀ ਵੱਲੋਂ ਅਰਜ਼ੀ-ਪੱਤਰ ਵਿਚ ਦੱਸੇ ਨਿਯਮ ਅਤੇ ਸ਼ਰਤਾਂ ਅਨੁਸਾਰ ਆਪਣੀ ਰਿਪੋਰਟ ਜਮ੍ਹਾਂ ਕਰੇਗਾ।

ਹਸਤਾਖ਼ਰ:________________________________
(ਮੋਹਰ ਸਮੇਤ ਪ੍ਰਿੰਸੀਪਲ/ਵਿੱਦਿਅਕ ਅਦਾਰੇ ਦੇ ਮੁਖੀ/ਯੂਨੀਵਰਸਿਟੀ ਦੇ ਵਿਭਾਗ ਦੇ ਮੁਖੀ ਦੇ ਹਸਤਾਖ਼ਰ)

ਕਾਲਜ/ਵਿੱਦਿਅਕ ਅਦਾਰੇ ਦਾ ਨਾਮ ਅਤੇ ਪਤਾ________________________________
________________________________

ਸਥਾਨ:________________________________

ਮਿਤੀ:________________________________

**ਨਿਯਮ ਅਤੇ ਸ਼ਰਤਾਂ:**

(a) ਅਕਾਦਮੀ ਯਾਤਰਾ ਗ੍ਰਾਂਟ ਦੇ ਅਰਸੇ ਦੌਰਾਨ ਯਾਤਰਾ, ਆਯੋਜਨ ਸਥਾਨ ਅਤੇ ਜਾਣ-ਪਛਾਣ ਬੈਠਕ ਦੀ (ਓਰਿਐਂਟੇਸ਼ਨ) ਰਿਹਾਇਸ਼ ਵਿਚ ਵਿਦਿਆਰਥੀ ਦੇ ਵਿਹਾਰ, ਸੁਭਾਅ ਅਤੇ ਕਾਰਗੁਜ਼ਾਰੀਆਂ ਲਈ ਕਿਸੇ ਵੀ ਤਰ੍ਹਾਂ ਜ਼ਿੰਮੇਵਾਰ ਨਹੀਂ ਹੋਵੇਗੀ।

(b) ਅਕਾਦਮੀ ਇਸ ਅਰਸੇ ਦੌਰਾਨ ਯਾਤਰਾ, ਆਯੋਜਨ ਸਥਾਨ ਅਤੇ ਜਾਣ-ਪਛਾਣ ਬੈਠਕ ਦੀ (ਓਰਿਐਂਟੇਸ਼ਨ) ਰਿਹਾਇਸ਼ ਸਥਾਨ 'ਤੇ ਹੋਣ ਵਾਲੀ ਕਿਸੇ ਵੀ ਘਟਨਾ ਜਾਂ ਦੁਰਘਟਨਾ ਲਈ ਜ਼ਿੰਮੇਵਾਰ ਨਹੀਂ ਹੋਵੇਗੀ। ਜੇ ਵਿਦਿਆਰਥੀ ਚਾਹੇ ਤਾਂ ਸਿਹਤ ਅਤੇ ਯਾਤਰਾ ਬੀਮਾ **ਆਪਣੇ ਖਰਚੇ ਤੇ ਕਰਵਾ ਸਕਦਾ ਹੈ** ।ਅਕਾਦਮੀ ਸਿਰਫ਼ ਵਿਦਿਆਰਥੀ ਨੂੰ ਯਾਤਰਾ ਵਾਸਤੇ ਵਿੱਤੀ ਸਹਾਇਤਾ ਦੇਣ ਲਈ ਜ਼ਿੰਮੇਵਾਰ ਹੋਵੇਗੀ।

(c) ਅਕਾਦਮੀ ਚੁਣੇ ਗਏ ਵਿਦਿਆਰਥੀਆਂ ਦੀਆਂ ਆਉਣ-ਜਾਣ ਦੀਆਂ ਟਿਕਟਾਂ ਆਪਣੇ ਵੱਲੋਂ ਬੁੱਕ ਕਰਾਉਣ ਦੀ ਕੋਸ਼ਿਸ਼ ਕਰੇਗੀ ਪਰ ਜੇ ਅਕਾਦਮੀ ਅਜਿਹਾ ਕਰਨ ਵਿਚ ਅਸਮਰੱਥ ਰਹਿੰਦੀ ਹੈ ਤਾਂ ਚੁਣੇ ਹੋਏ ਵਿਦਿਆਰਥੀ ਇਹ ਬੁਕਿੰਗ ਆਪਣੇ ਆਪ ਕਰਵਾਉਣਗੇ। ਜੇ ਅਕਾਦਮੀ ਬਿਨੈਕਾਰ ਦੀ ਰਿਹਾਇਸ਼ ਦਾ ਇੰਤਜ਼ਾਮ ਨਾ ਕਰ ਸਕੀ ਤਾਂ ਇਹ ਇੰਤਜ਼ਾਮ ਵੀ ਵਿਦਿਆਰਥੀ ਨੂੰ ਆਪ ਕਰਨਾ ਪਵੇਗਾ, ਜਿਸ ਦੀ ਸੂਚਨਾ ਵਿਦਿਆਰਥੀ ਨੂੰ ਪਹਿਲਾਂ ਹੀ ਦੇ ਦਿੱਤੀ ਜਾਵੇਗੀ।

(d) ਯਾਤਰਾ ਗ੍ਰਾਂਟ ਦੀ ਮਿਆਦ ਪੂਰੀ ਹੋਣ ਤੋਂ ਬਾਅਦ 15 ਦਿਨਾਂ ਅੰਦਰ ਵਿਦਿਆਰਥੀ ਨੇ ਆਯੋਜਨ ਸਥਲ ਅਤੇ ਉੱਥੇ ਖਿੱਚੀਆਂ ਹੋਈਆਂ ਆਪਣੀਆਂ ਤਸਵੀਰਾਂ ਸਮੇਤ 500 ਤੋਂ 750 ਸ਼ਬਦਾਂ ਵਿਚ ਇਸ ਅਨੁਭਵ ਬਾਰੇ ਇਕ ਰਿਪੋਰਟ ਜਮ੍ਹਾਂ ਕਰਵਾਉਣੀ ਹੋਵੇਗੀ।

(e) ਚੁਣੇ ਹੋਏ ਬਿਨੈਕਾਰਾਂ ਨੂੰ ਅਕਾਦਮੀ ਦੇ ਭਵਿੱਖ ਦੇ ਆਯੋਜਨਾਂ ਵਿਚ ਵੀ ਤਰਜੀਹ ਦਿੱਤੀ ਜਾਵੇਗੀ ਕਿਉਂਕਿ ਗ੍ਰਾਂਟ ਦੇ ਮਨੋਰਥ ਵਿਚ ਸੂਬੇ ਦੇ ਉਭਰਦੇ ਕਲਾਕਾਰਾਂ ਨੂੰ ਤਰਾਸ਼ਣਾ ਵੀ ਸ਼ਾਮਲ ਹੈ।

(f) ਅਕਾਦਮੀ ਕੋਚੀ ਮੁ**ਜ਼ਿ**ਰਿਸ ਬਿਏਨਾਲੇ, ਕੇਰਲਾ ਲਈ 12,000/- ਰੁਪਏ ਤੱਕ ਅਤੇ ਇੰਡੀਆ ਆਰਟ ਫ਼ੇਅਰ, ਨਵੀਂ ਦਿੱਲੀ ਲਈ 4,000/- ਰੁਪਏ ਤੱਕ ਦੀ ਯਾਤਰਾ ਗ੍ਰਾਂਟ ਦੇਵੇਗੀ, ਜਿਸ ਵਿਚ ਯਾਤਰਾ ਦਾ ਕਿਰਾਇਆ, ਰਹਿਣਾ, ਖਾਣਾ-ਪੀਣਾ ਅਤੇ ਸਥਾਨਕ ਖ਼ਰਚੇ ਸ਼ਾਮਲ ਹੋਣਗੇ।

(g) ਇਸ ਯਾਤਰਾ ਗ੍ਰਾਂਟ ਲਈ ਸਿਰਫ਼ ਰੈਗੂਲਰ ਵਿਦਿਆਰਥੀ ਹੀ ਅਰਜ਼ੀਆਂ ਭੇਜ ਸਕਦੇ ਹਨ। ਪੱਤਰ-ਵਿਹਾਰ ਕੋਰਸਾਂ (ਕੌਰਸਪੌਂਡੇਂਸ/ਡਿਸਟੈਂਸ ਐਜੂਕੇਸ਼ਨ) ਰਾਹੀਂ ਪੜ੍ਹਾਈ ਕਰ ਰਹੇ ਵਿਦਿਆਰਥੀ ਇਸ ਗ੍ਰਾਂਟ ਲਈ ਯੋਗ ਨਹੀਂ ਮੰਨੇ ਜਾਣਗੇ।